# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਵੱਲ

ਸਮੂਹ ਡਾਇਟ ਪ੍ਰਿੰਸੀਪਲਜ਼

ਸਮੂਹ ਸਕੂਲ ਮੁਖੀ (Website ਰਾਹੀਂ),

ਪੰਜਾਬ।

ਮੀਮੋ ਨੰ. e-861929/SCERT, QP/UP/ 202576724

ਮਿਤੀ: ਐਸ.ਏ.ਐਸ.ਨਗਰ, 21.03.2025

ਵਿਸ਼ਾ: ਸਕੂਲਾਂ ਵਿੱਚ ਸੀਸੀਈ ਮੁਲਾਂਕਣ ਦੀ ਮੋਨੀਟਰਿੰਗ ਸਬੰਧੀ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਿੱਖਿਆ ਦਾ ਅਧਿਕਾਰ ਕਾਨੂੰਨ 2009 ਤਹਿਤ ਪਹਿਲੀ ਤੋਂ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਦਾ ਸਰਬਪੱਖੀ ਮੁਲਾਂਕਣ ਕਰਨ ਲਈ Continuous & Comprehensive Evaluation System ਲਾਗੂ ਕੀਤਾ ਗਿਆ ਹੈ ।

3.0 ਸਕੂਲ ਪੱਧਰ ਤੇ ਲਾਗੂ ਕੀਤੇ ਜਾਣ ਵਾਲੇ Continuous & Comprehensive Evaluation System ਤਹਿਤ ਕੀਤੇ ਗਏ ਮੁਲਾਂਕਣ ਦੀ ਮੋਨੀਟਰਿੰਗ ਹੇਠਾਂ ਲਿਖੇ ਅਨੁਸਾਰ ਕਰਵਾਈ ਜਾਣੀ ਹੈ:-

3.1) ਮੋਨੀਟਰਿੰਗ ਸਮੂਹ ਡਾਇਟ ਦੇ ਮੁਖੀਆਂ ਅਤੇ ਡਾਇਟ ਵਿਖੇ ਕੰਮ ਕਰ ਰਹੇ ਲੈਕਚਰਾਰਾਂ/ ਫੈਕਲਟੀਜ਼ ਰਾਹੀਂ ਕਰਵਾਈ ਜਾਵੇਗੀ।

3.2) ਮੋਨੀਟਰਿੰਗ ਲਈ ਡਾਇਟ ਦੇ ਮੁਖੀ ਆਪਣੇ ਜ਼ਿਲੇ ਦੇ ਘੱਟੋ -ਘੱਟ 25 % ਸਕੂਲਾਂ ਦੀ ਰੈਂਡਮ ਚੋਣ ਕਰਨਗੇ।

3.3) ਇਹਨਾਂ ਚੁਣੇ ਗਏ ਸਕੂਲਾਂ ਵੱਲੋਂ ਜੋ ਸਲਾਨਾ ਨਤੀਜਾ ਤਿਆਰ ਕੀਤਾ ਜਾਵੇਗਾ ਉਸ ਵਿੱਚੋਂ ਹਰ ਸਕੂਲ ਤੋਂ ਕਿਸੇ ਇੱਕ ਕਲਾਸ (ਪ੍ਰਾਇਮਰੀ ਵਿੱਚ ਪਹਿਲੀ ਤੋਂ ਚੌਥੀ ਅਤੇ ਅੱਪਰ ਪ੍ਰਾਇਮਰੀ ਵਿੱਚ ਛੇਵੀਂ ਅਤੇ ਸੱਤਵੀਂ) ਦੀਆਂ ਕਿਸੇ ਵੀ ਇੱਕ ਵਿਸ਼ੇ ਦੇ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ, ਹੇਠਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ

ਅਤੇ ਵਿਰਲੇ ਕੋਈ ਦੋ ਵਿਦਿਆਰਥੀਆਂ ਦੀਆਂ ਉੱਤਰ ਪੱਤਰੀਆਂ, ਉਹਨਾਂ ਨੂੰ ਦਿੱਤੇ ਗਏ ਪ੍ਰਸ਼ਨ ਪੱਤਰ ਦੀ ਕਾਪੀ ਅਤੇ ਉਹਨਾਂਨੂੰ ਦਿੱਤੇ HPC ਦੀ ਕਾਪੀ ਜਿਲਾ ਸਿੱਖਿਆ ਸਿਖਲਾਈ ਸੰਸਥਾਵਾਂ ਵਿਖੇ ਮੰਗਵਾਈਆਂ ਜਾਣਗੀਆਂ ।

3.4) ਚੁਣੇ ਗਏ ਸਕੂਲਾਂ ਵਿੱਚੋ ਇਹ ਸਮੱਗਰੀ ਸਬੰਧਤ ਬੀ.ਆਰ.ਸੀ/ਸੀ.ਆਰ.ਸੀ ਵੱਲੋ ਇਕੱਠੇ ਕਰਨ ਉਪਰੰਤ ਡਾਇਟ ਦੇ ਮੁਖੀ ਕੋਲ ਜਮ੍ਹਾਂ ਕਰਵਾਈ ਜਾਵੇਗੀ।

3.5) ਡਾਇਟ ਦੇ ਮੁਖੀ ਇਹਨਾਂ ਉੱਤਰ ਪੱਤਰੀਆਂ, ਪ੍ਰਸ਼ਨ ਪੱਤਰਾਂ ਅਤੇ HPC ਦਾ ਮੁਲਾਂਕਣ ਉਨਾਂ ਅਧੀਨ ਕੰਮ ਕਰ ਰਹੇ ਫੈਕਲਟੀ ਮੈਂਬਰਜ ਅਤੇ ਸਬੰਧਤ ਬੀ.ਆਰ.ਸੀ/ਸੀ.ਆਰ.ਸੀ ਤੋਂ ਕਰਵਾਉਣਗੇ।

3.6) ਉਪਰੋਕਤ ਜਾਂਚ ਕਰਕੇ ਹੇਠਾਂ ਦਿੱਤੇ ਪ੍ਰੋਫੋਰਮਾ ਵਿੱਚ ਦਰਜ ਕੀਤੀ ਜਾਵੇਗੀ:

| ਸਕੂਲ ਦਾ ਨਾਂ: | | | ਵਿਸ਼ੇਸ਼ ਕਥਨ |
|---|---|---|---|
| ਜਮਾਤ: | ਵਿਸ਼ਾ: | | |
| ਸੂਚਕ | ਹਾਂ | ਨਹੀਂ | |
| ਕੀ ਪ੍ਰਸ਼ਨ ਪੱਤਰ SCERT ਵੱਲੋਂ ਜਾਰੀ ਗਾਈਡਲਾਈਜ ਅਤੇ ਬਲੂ ਪ੍ਰਿੰਟ ਅਨੁਸਾਰ ਸੀ? | | | |
| ਕੀ ਪ੍ਰਸ਼ਨ ਪੱਤਰ ਦੀ ਕੁਆਲਿਟੀ ਵਿਦਿਆਰਥੀਆਂ ਦੇ ਪੱਧਰ ਦੀ ਸੀ? | | | |
| ਕੀ ਉੱਤਰ ਪੱਤਰੀਆਂ ਦੀ ਜਾਂਚ ਸਹੀ ਢੰਗ ਨਾਲ ਕੀਤੀ ਗਈ ਹੈ ? | | | |
| CCE ਦੇ ਮੁਲਾਂਕਣ ਲਈ ਸਕੂਲ ਵਿੱਚ ਕਮੇਟੀ ਦਾ ਗਠਨ ਕੀਤਾ ਗਿਆ ਹੈ? | | | |
| ਸਕੂਲ ਕੋਲ CCE ਦੇ ਮੁਲਾਂਕਣ ਦਾ ਰਿਕਾਰਡ ਉਪਲਬਧ ਹੈ? | | | |
| ਕੀ CCE ਤਹਿਤ ਕੀਤਾ ਗਿਆ ਮੁਲਾਂਕਣ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਮੁਤਾਬਕ ਕੀਤਾ ਗਿਆ ਹੈ? | | | |
| ਕੀ HPC ਵਿੱਚ CCE ਤਹਿਤ ਕੀਤਾ ਗਿਆ ਮੁਲਾਂਕਣ ਭਰਿਆ ਗਿਆ ਹੈ? | | | |

4.0 ਉਪਰੋਕਤ ਸਬੰਧੀ CCE ਦੀ ਮੋਨੀਟਰਿੰਗ ਦੇ ਕੰਮ ਲਈ ਸਕੂਲਾਂ ਦੀ ਚੋਣ, ਚੁਣੇ ਗਏ ਸਕੂਲਾਂ ਵਿੱਚ ਜਮਾਤ ਦੀ ਚੋਣ ਅਤੇ ਵਿਸ਼ੇ ਦੀ ਚੋਣ ਮਿਤੀ 25-03-25 ਤਕ ਕਰ ਲਈ ਜਾਵੇ।

5.0 ਸਲਾਨਾ ਨਤੀਜਾ ਘੋਸ਼ਿਤ ਹੋਣ ਦੇ ਨਾਲ ਹੀ ਹਰੇਕ ਚੁਣੇ ਗਏ ਸਕੂਲ ਦੀ ਚੁਣੀ ਗਈ ਜਮਾਤ ਦੇ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ, ਹੇਠਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਅਤੇ ਵਿਚਲੇ ਕੋਈ ਦੋ ਵਿਦਿਆਰਥੀਆਂ ਦੀਆਂ ਚੁਣੇ ਗਏ ਵਿਸ਼ੇ ਦੀਆਂ ਉੱਤਰ ਪੱਤਰੀਆਂ, ਸਬੰਧਿਤ ਪ੍ਰਸ਼ਨ ਪੱਤਰ ਅਤੇ ਵਿਦਿਆਰਥੀ ਦਾ HPC ਦੀ ਫੋਟੋਕਾਪੀ ਇਕੱਠੀ ਕਰਕੇ ਫਾਇਲ ਦੇ ਰੂਪ ਵਿੱਚ ਜਮਾਂ ਕਰਵਾ ਦਿੱਤੀ ਜਾਵੇ।

6.0 ਉਕਤ ਸਬੰਧੀ ਚੁਣੇ ਗਏ ਸਕੂਲਾਂ ਵਿਚ ਸੀ.ਸੀ.ਈ ਦੀ ਮੁਨੀਟਰਿੰਗ ਸਬੰਧੀ Consolidated ਰਿਪੋਰਟ ਦਫਤਰ ਐਸ.ਸੀ.ਈ.ਆਰ.ਟੀ ਵਿਖੇ ਮਿਤੀ 30.04.2025 ਤੱਕ ਮੇਲ ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ।

ਇਸ ਨੂੰ ਅਤੀ ਜਰੂਰੀ ਸਮਝਿਆ ਜਾਵੇ।

(ਅਮਨਿੰਦਰਕੋਰ, ਪੀ.ਸੀ.ਐਸ.)
ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ

ਪਿਠ ਅੰਕਣ ਨੰ: ਉਕਤ ਮਿਤੀ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਨਿ.ਸ/ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਸੈ. ਸਿ.) ਪੰਜਾਬ।
3. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਐ.ਸਿ.) ਪੰਜਾਬ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ ਐ.ਸਿ.)

[signature]
ਸਹਾਇਕ ਡਾਇਰੈਕਟਰ,
ਐਸ.ਸੀ.ਈ.ਆਰ.ਟੀ., ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪਟਿਆਲਾ
ਪਿਠ ਅੰਕਣ ਨੰ ਈ.ਸੀ/2025/5178 ਮਿਤੀ 24/03/2025

ਉਪਰੋਕਤ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ,

[signature]
ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪਟਿਆਲਾ

[signature]
24/03/2025